# ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ

# Planning Vancouver Together

www.shapeyourcity.ca/vancouver-plan




**ਸਮੱਗਰੀ:**

**ਵਿਚਾਰ**

**ਆਮ ਪੁੱਛੇ ਜਾਣ ਵਾਲੇ ਸਵਾਲ**

ਇਨ੍ਹਾਂ ਮਹੀਨਿਆਂ ਵਿਚ ਵੈਨਕੂਵਰ ਨੇ ਵੱਡੀਆਂ ਤਬਦੀਲੀਆਂ ਦੇਖੀਆਂ ਹਨ। ਅਸੀਂ ਇਹ ਸਮਝਦੇ ਹਾਂ ਕਿ ਬਹੁਤ ਸਾਰੇ ਲੋਕਾਂ ਉੱਪਰ ਕੋਵਿਡ-19 ਦਾ ਖਾਸ ਤੌਰ `ਤੇ ਅਸਰ ਪਿਆ ਹੈ। ਅਸੀਂ ਇਹ ਮੰਨਦੇ ਹਾਂ ਕਿ ਬਹੁਤ ਸਾਰੀਆਂ ਕਮਿਊਨਟੀਆਂ ਉੱਪਰ ਇਸ ਮਹਾਂਮਾਰੀ ਦਾ ਬਹੁਤ ਜ਼ਿਆਦਾ ਅਸਰ ਪਿਆ ਸੀ,ਅਤੇ ਅਜੇ ਵੀ ਪੈ ਰਿਹਾ ਹੈ। ਸਾਡੇ ਸਮਾਜ ਵਿਚ ਜਿਹੜੇ ਲੋਕ ਵੱਖ ਵੱਖ ਕਾਰਨਾਂ ਕਰਕੇ ਜ਼ਿਆਦਾ ਕਮਜ਼ੋਰ ਹਨ, ਉਨ੍ਹਾਂ ਉੱਪਰ ਆਮ ਤੌਰ `ਤੇ ਸੰਕਟ ਦੇ ਸਮਿਆਂ ਵੇਲੇ ਜ਼ਿਆਦਾ ਸਖਤ ਅਸਰ ਪੈਂਦਾ ਹੈ।

ਇਸ ਚੀਜ਼ ਬਾਰੇ ਅਸੀਂ ਤੁਹਾਡੇ ਤਜਰਬੇ ਅਤੇ ਤੁਹਾਡੇ ਵਿਚਾਰ ਸੁਣਨਾ ਚਾਹੁੰਦੇ ਹਾਂ ਕਿ ਮਹਾਂਮਾਰੀ ਤੋਂ ਬਾਅਦ ਸਾਨੂੰ ਕਿਸ ਤਰ੍ਹਾਂ ਦੇ ਸਿਟੀ (ਸ਼ਹਿਰ) ਦੀ ਲੋੜ ਹੈ ਅਤੇ ਇਨ੍ਹਾਂ ਰਵਾਇਤੀ ਸਿਰੜੀ ਇਲਾਕਿਆਂ ਉੱਪਰ ਜਿਸ ਨੂੰ ਅਸੀਂ ਆਪਣਾ ਘਰ ਕਹਿੰਦੇ ਹਾਂ, ਰਲ ਕੇ ਬਿਹਤਰ ਭਵਿੱਖ ਦੀ ਵਿਉਂਤ ਬਣਾਉਣ ਵੇਲੇ ਕਮਿਊਨਟੀ ਦੀ ਮੁੜ ਸੁਰਜੀਤੀ ਲਈ ਅਸੀਂ ਕਿਵੇਂ ਮਦਦ ਕਰ ਸਕਦੇ ਹਾਂ।

ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ (ਪਲੈਨਿੰਗ ਵੈਨਕੂਵਰ ਟੂਗੈਦਰ), ਜੁਗਤੀ ਤਰਜੀਹਾਂ ਨੂੰ ਸੇਧ ਦੇਣ ਲਈ ਸ਼ਹਿਰ ਭਰ ਲਈ ਵਿਉਂਤ ਬਣਾਉਣ ਵਾਸਤੇ ਲੰਬੇ ਸਮੇਂ ਦੀ ਪਲੈਨਿੰਗ ਦਾ ਇਕ ਉੱਦਮ ਹੈ। ਇਹ ਇਸ ਚੀਜ਼ ਬਾਰੇ ਗੱਲ ਕਰਦਾ ਹੈ ਕਿ ਅਸੀਂ ਅੱਗੇ ਕਿਵੇਂ ਵਧਣਾ ਅਤੇ ਵਿਕਸਤ ਹੋਣਾ ਹੈ ਅਤੇ ਇਸ ਦੇ ਨਾਲ ਨਾਲ ਸਿਟੀ ਲਈ ਆਰਥਿਕ,ਸਮਾਜਿਕ, ਵਾਤਾਵਰਣਕ ਅਤੇ ਸਭਿਚਾਰਕ ਨੀਤੀਆਂ ਕਿਵੇਂ ਬਣਾਉਣੀਆਂ ਹਨ। ਕੋਵਿਡ-19 ਦੇ ਜਵਾਬ ਵਜੋਂ, ਪਲੈਨਿੰਗ ਦਾ ਇਹ ਉੱਦਮ ਕਮਿਊਨਟੀਆਂ ਦੇ ਤਾਬੇ ਆਉਣ ਵਿਚ ਮਦਦ ਕਰਨ ਲਈ ਥੋੜ੍ਹੇ ਸਮੇਂ ਦੇ ਐਕਸ਼ਨਾਂ ਦੀ ਪਛਾਣ ਵੀ ਕਰੇਗਾ ਅਤੇ ਇਨ੍ਹਾਂ ਨੂੰ ਅੱਗੇ ਵਧਾਏਗਾ।

ਇਸ ਵੈੱਬਸਾਈਟ ਰਾਹੀਂ ਸਾਡੀ ਔਨਲਾਈਨ ਸ਼ਮੂਲੀਅਤ ਨਾਲ ਜੁੜੇ ਰਹੋ ਅਤੇ vancouverplan.ca ਉੱਪਰ ਸਾਡੀ ਤਰੱਕੀ ਦੇਖੋ।

## ਵਿਚਾਰ

ਆਪਣੇ ਤਜਰਬੇ ਸਾਂਝੇ ਕਰੋ

ਸਾਡੇ ਵਲੋਂ ਸ਼ਹਿਰ ਭਰ ਵਿਚ ਮੁੜ ਸੁਰਜੀਤੀ ਦੀ ਮਦਦ ਕਰਨ ਅਤੇ ਲੰਬੇ ਸਮੇਂ ਦੀ ਪੁਨਰ-ਉਸਾਰੀ ਬਾਰੇ ਸੋਚਣਾ ਸ਼ੁਰੂ ਕਰਨ ਵੇਲੇ ਅਸੀਂ ਆਪਣੀ ਕਮਿਊਨਟੀ ਤੋਂ ਉਨ੍ਹਾਂ ਦੇ ਵਿਚਾਰ ਅਤੇ ਤਜਰਬੇ ਸੁਣਨਾ ਚਾਹੁੰਦੇ ਹਾਂ ਤਾਂ ਜੋ ਅਸੀਂ ਜ਼ਿਆਦਾ ਨਿਰਪੱਖ ਅਤੇ ਲਚਕਦਾਰ ਭਵਿੱਖ ਲਈ ਰਲ ਕੇ ਵਿਉਂਤਬੰਦੀ ਕਰ ਸਕੀਏ। ਸਾਡੇ ਕਮਿਊਨਟੀ ਦੀ ਮੁੜ ਸੁਰਜੀਤੀ ਦੀ ਪਲੈਨਿੰਗ ਦੇ ਯਤਨਾਂ ਵਿਚ ਮਦਦ ਲਈ ਤੁਹਾਡੀਆਂ ਟਿੱਪਣੀਆਂ `ਤੇ ਨਜ਼ਰਸਾਨੀ ਕੀਤੀ ਜਾਵੇਗੀ ਅਤੇ ਇਨ੍ਹਾਂ `ਤੇ ਵਿਚਾਰ ਕੀਤਾ ਜਾਵੇਗਾ। **ਇਹ ਸਰਵੇ 25 ਜੁਲਾਈ, 2020 ਨੂੰ ਬੰਦ ਹੋ ਰਿਹਾ ਹੈ।**

**ਸਵਾਲ: ਸਾਡੇ ਸਾਰਿਆਂ `ਤੇ ਇਸ ਮਹਾਂਮਾਰੀ ਦਾ ਵੱਖੋ ਵੱਖਰਾ ਅਸਰ ਪੈ ਰਿਹਾ ਹੈ। ਤੁਹਾਡੀ ਕਮਿਊਨਟੀ ਅਤੇ ਆਂਢ-ਗੁਆਂਢ ਵਿਚ ਤੁਹਾਡੀ ਜ਼ਿੰਦਗੀ ਕਿਵੇਂ ਬਦਲੀ ਹੈ? ਇਸ ਸਮੇਂ ਦੌਰਾਨ ਤੁਹਾਨੂੰ ਕਿਹੜੀਆਂ ਚੁਣੌਤੀਆਂ ਦਾ ਸਾਮ੍ਹਣਾ ਕਰਨਾ ਪਿਆ ਹੈ? ਆਪਣੀ ਕਮਿਊਨਟੀ ਵਿਚ ਤੁਸੀਂ ਕਿਹੜੀਆਂ ਕਾਮਯਾਬੀਆਂ ਅਤੇ ਗਿਆਨ ਲੱਭ ਰਹੇ ਹੋ?**

ਕਿਰਪਾ ਕਰਕੇ ਇੱਥੇ ਕਲਿੱਕ ਕਰਕੇ ਆਪਣਾ ਜਵਾਬ ਜਮ੍ਹਾਂ ਕਰੋ, ਫਿਰ ਕਲਿੱਕ ਕਰੋ "Add Your Idea" (ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਰਜਿਸਟਰਡ ਹੋ ਜਾਂ ਸਾਈਨ ਇਨ ਕੀਤਾ ਹੈ) ਗੁਮਨਾਮ ਰਹਿ ਕੇ ਆਪਣੇ ਵਿਚਾਰ ਸਾਂਝੇ ਕਰਨ ਲਈ, ਆਪਣੇ ਵਿਚਾਰ ਸਾਡੇ "Questions" ਟੈਬ ਰਾਹੀਂ ਦਰਜ ਕਰਵਾਉ।

ਰਲ ਕੇ ਅੱਗੇ ਵਧਣਾ

ਸਾਡੇ ਵਲੋਂ ਸ਼ਹਿਰ ਭਰ ਵਿਚ ਮੁੜ ਸੁਰਜੀਤੀ ਦੀ ਮਦਦ ਕਰਨ ਅਤੇ ਲੰਬੇ ਸਮੇਂ ਦੀ ਪੁਨਰ-ਉਸਾਰੀ ਬਾਰੇ ਸੋਚਣਾ ਸ਼ੁਰੂ ਕਰਨ ਵੇਲੇ ਅਸੀਂ ਆਪਣੀ ਕਮਿਊਨਟੀ ਤੋਂ ਉਨ੍ਹਾਂ ਦੇ ਵਿਚਾਰ ਅਤੇ ਤਜਰਬੇ ਸੁਣਨਾ ਚਾਹੁੰਦੇ ਹਾਂ ਤਾਂ ਜੋ ਅਸੀਂ ਜ਼ਿਆਦਾ ਨਿਰਪੱਖ ਅਤੇ ਲਚਕਦਾਰ ਭਵਿੱਖ ਲਈ ਰਲ ਕੇ ਵਿਉਂਤਬੰਦੀ ਕਰ ਸਕੀਏ। ਸਾਡੇ ਕਮਿਊਨਟੀ ਦੀ ਮੁੜ ਸੁਰਜੀਤੀ ਦੀ ਪਲੈਨਿੰਗ ਦੇ ਯਤਨਾਂ ਵਿਚ ਮਦਦ ਲਈ ਤੁਹਾਡੀਆਂ ਟਿੱਪਣੀਆਂ `ਤੇ ਨਜ਼ਰਸਾਨੀ ਕੀਤੀ ਜਾਵੇਗੀ ਅਤੇ ਇਨ੍ਹਾਂ `ਤੇ ਵਿਚਾਰ ਕੀਤਾ ਜਾਵੇਗਾ। **ਇਹ ਸਰਵੇ 25 ਜੁਲਾਈ, 2020 ਨੂੰ ਬੰਦ ਹੋ ਰਿਹਾ ਹੈ।**

**ਸਵਾਲ: ਕੋਵਿਡ ਨਾਲ ਸੰਬਿੰਧਤ ਕੁਝ ਪਾਬੰਦੀਆਂ ਹਟਾਈਆਂ ਜਾ ਰਹੀਆਂ ਹਨ। ਕੁਝ ਹੋਰ ਕੁਝ ਸਮੇਂ ਲਈ ਲਾਗੂ ਰਹਿਣਗੀਆਂ। ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਅਤੇ ਕਮਿਊਨਟੀਆਂ ਦੇ ਤਾਬੇ ਆਉਣ ਵਿਚ ਮਦਦ ਲਈ ਆਉਂਦੇ ਮਹੀਨਿਆਂ ਦੌਰਾਨ ਸਿਟੀ ਕੀ ਕਰ ਸਕਦਾ ਹੈ? ਸਿਟੀ ਨੂੰ ਜ਼ਿਆਦਾ ਲਚਕਦਾਰ ਬਣਾਉਣ ਲਈ ਅਤੇ ਕਮਿਊਨਟੀਆਂ ਨੂੰ ਜ਼ਿਆਦਾ ਲਚਕਦਾਰ ਬਣਾਉਣ ਲਈ ਤੁਹਾਡੇ ਵਿਚਾਰ ਕੀ ਹਨ?**

ਕਿਰਪਾ ਕਰਕੇ ਇੱਥੇ ਕਲਿੱਕ ਕਰਕੇ ਆਪਣਾ ਜਵਾਬ ਜਮ੍ਹਾਂ ਕਰੋ, ਫਿਰ ਕਲਿੱਕ ਕਰੋ "Add Your Idea" (ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਰਜਿਸਟਰਡ ਹੋ ਜਾਂ ਸਾਈਨ ਇਨ ਕੀਤਾ ਹੈ)

ਗੁਮਨਾਮ ਰਹਿ ਕੇ ਆਪਣੇ ਵਿਚਾਰ ਸਾਂਝੇ ਕਰਨ ਲਈ, ਆਪਣੇ ਵਿਚਾਰ ਸਾਡੇ "Questions" ਟੈਬ ਰਾਹੀਂ ਦਰਜ ਕਰਵਾਉ।

ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਕਿਰਪਾ ਕਰਕੇ ਸਾਨੂੰ planningtogether@vancouver.ca `ਤੇ ਈਮੇਲ ਕਰੋ।

# ਆਮ ਪੁੱਛੇ ਜਾਣ ਵਾਲੇ ਸਵਾਲ

[Vancouver Plan ਕੀ ਹੈ?](#)
[Vancouver Plan ਦਾ ਹੋਰ ਉੱਦਮਾਂ ਨਾਲ ਕੀ ਸੰਬੰਧ ਹੈ?](#)
[ਸ਼ਮੂਲੀਅਤ ਦਾ ਕਾਰਜ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ?](#)
[ਮੈਂ ਹਿੱਸਾ ਕਿਵੇਂ ਲੈ ਸਕਦਾ/ਸਕਦੀ ਹਾਂ?](#)
[ਆਉਂਦੇ ਮਹੀਨਿਆਂ ਵਿਚ ਕੀ ਉਮੀਦ ਰੱਖਣੀ ਹੈ?](#)

**Vancouver Plan ਕੀ ਹੈ?**
Vancouver Plan ਇਕ ਲੰਬੇ ਸਮੇਂ ਦੀ ਜੁਗਤੀ ਪਲੈਨ ਹੋਵੇਗੀ ਜਿਹੜੀ ਸਾਡੇ ਸ਼ਹਿਰ(ਸਿਟੀ) ਦੀ ਕਮਿਉਨਟੀ ਰਿਕਵਰੀ ਅਤੇ ਲੰਬੇ ਸਮੇਂ ਦੀ ਪਲੈਨਿੰਗ ਨੂੰ ਸੇਧ ਦੇਣ ਵਿਚ ਮਦਦ ਕਰੇਗੀ। ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ (ਪਲੈਨਿੰਗ ਵੈਨਕੂਵਰ ਟੂਗੈਦਰ) ਦਾ ਟੀਚਾ ਇਹ ਪੱਕਾ ਕਰਨਾ ਹੈ ਕਿ ਇਹ ਕਾਰਜ ਸਾਡੀ ਆਬਾਦੀ ਦੇ ਵਿਚਾਰਾਂ ਅਤੇ ਭਿੰਨਤਾ ਦਾ ਅਕਸ ਦਿਖਾਉਂਦਾ ਹੈ।

ਭਾਵੇਂ ਕਿ ਸਾਡੇ ਕੋਲ ਮਾਣ ਕਰਨ ਵਾਲਾ ਬਹੁਤ ਕੁਝ ਹੈ, ਅਸੀਂ ਇਹ ਮੰਨਦੇ ਹਾਂ ਕਿ ਸ਼ਹਿਰ ਦੇ ਤੌਰ `ਤੇ ਜੋ ਅਸੀਂ ਬਣਨਾ ਚਾਹੁੰਦੇ ਹਾਂ ਉਹ ਸਦਾ ਸਪਸ਼ਟ ਜਾਂ ਮਿੱਥ ਕੇ ਕੀਤਾ ਗਿਆ ਨਹੀਂ ਹੈ। ਨਤੀਜੇ ਵਜੋਂ, ਤਬਦੀਲੀ ਦੇ ਫਾਇਦੇ ਅਤੇ ਅਸਰ ਸਾਰਿਆਂ ਵਲੋਂ ਬਰਾਬਰ ਸਾਂਝੇ ਨਹੀਂ ਕੀਤੇ ਗਏ।

ਸਪਸ਼ਟ ਵਿਜ਼ਨ ਬਿਨਾਂ, ਸਾਡੇ ਰੋਜ਼ਮਰਾ ਦੇ ਫੈਸਲੇ ਅਤੇ ਪਾਲਸੀਆਂ ਸਾਨੂੰ ਉਸ ਸੇਧ ਵਿਚ ਲੈ ਕੇ ਨਹੀਂ ਜਾਣਗੇ ਜਿਨ੍ਹਾਂ ਦੀ ਅਸੀਂ ਰਲ ਕੇ ਇੱਛਾ ਰੱਖਦੇ ਹਾਂ। ਮਹਾਂਮਾਰੀ ਦੇ ਮੌਜੂਦਾ ਸੰਕਟ ਦੀ ਰੌਸ਼ਨੀ ਵਿਚ, Vancouver Plan ਰਿਕਵਰੀ ਦੇ ਯਤਨਾਂ ਦਾ ਹੁੰਗਾਰਾ ਭਰਨ ਲਈ ਤਬਦੀਲ ਹੋ ਰਹੀ ਹੈ। ਰਲ ਕੇ ਅਸੀਂ ਮੌਜੂਦਾ ਲੋੜਾਂ ਦਾ ਹੱਲ ਕਰਨ ਲਈ ਇਕ ਸਪਸ਼ਟ, ਮਿੱਥੀ ਅਤੇ ਐਕਸ਼ਨ ਕਰਨ ਯੋਗ ਪਲੈਨ ਤਿਆਰ ਕਰਾਂਗੇ ਅਤੇ ਇਹ ਪੱਕਾ ਕਰਾਂਗੇ ਕਿ ਭਵਿੱਖ ਦੀਆਂ ਪੀੜ੍ਹੀਆਂ ਇੱਥੇ ਉੱਨਤੀ ਕਰਨ।

## ਪਲੈਨ ਲਾਗੂ ਕਰਨ ਲਈ ਸਮਾਂ ਕੀ ਹੈ?
ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ ਦਾ ਕਾਰਜ 2019 ਵਿਚ ਸ਼ੁਰੂ ਹੋਇਆ ਸੀ ਅਤੇ ਪਲੈਨਿੰਗ ਦੌਰਾਨ ਅਗੇਤੇ ਐਕਸ਼ਨਾਂ ਨਾਲ Vancouver Plan ਤਿਆਰ ਕਰਨ ਲਈ ਤਕਰੀਬਨ ਤਿੰਨ ਸਾਲ ਲੱਗਣਗੇ। ਅਸੀਂ ਆਪਣੇ ਕੰਮ ਨੂੰ ਹੁਣ ਅਤੇ 2022 ਵਿਚਕਾਰ ਪੰਜ ਪੜਾਵਾਂ ਵਿਚ ਵੰਡਿਆ ਹੈ ਅਤੇ ਹਰ ਪੜਾ `ਤੇ ਮੁੱਖ ਹਿੱਸੇ ਪੂਰੇ ਕੀਤੇ ਜਾਣਗੇ।

ਜ਼ਿਆਦਾ ਜਾਣਨ ਲਈ ਕਿਰਪਾ ਕਰਕੇ [vancouverplan.ca/timeline (https://vancouverplan.ca/timeline/)](https://vancouverplan.ca/timeline/) `ਤੇ ਟਾਈਮਲਾਈਨ ਦੇਖੋ। ਇਸ ਵੇਲੇ ਅਸੀਂ ਪੜਾ 1 'ਸੁਣੋ ਅਤੇ ਸਿੱਖੋ ਪੜਾ' `ਤੇ ਕਾਫੀ ਅੱਗੇ ਵਧ ਗਏ ਹਾਂ, ਜਿੱਥੇ ਅਸੀਂ ਕਮਿਉਨਟੀ ਤੋਂ ਉਨ੍ਹਾਂ ਦੀਆਂ ਇੱਛਾਵਾਂ ਅਤੇ ਚੁਣੌਤੀਆਂ ਬਾਰੇ ਵੱਡੇ ਪੱਧਰ `ਤੇ ਸੁਣ ਰਹੇ ਹਾਂ।

## ਮੈਂ ਕਿਸ ਕਿਸਮ ਦੀ ਪਲੈਨ ਦੀ ਉਮੀਦ ਰੱਖ ਸਕਦਾ/ਸਕਦੀ ਹਾਂ?
ਇਹ ਪਲੈਨ ਸਿਟੀ ਦੇ ਜੁਗਤੀ ਢਾਂਚੇ ਵਜੋਂ ਕੰਮ ਕਰੇਗੀ, ਅਤੇ ਸਾਲ 2050 ਅਤੇ ਅਗਾਂਹ ਤੱਕ ਸਾਡੇ ਸ਼ਹਿਰ ਦੇ ਭਵਿੱਖ ਲਈ ਵਿਜ਼ਨ ਤੈਅ ਕਰੇਗੀ। ਇਹ ਕੋਵਿਡ-19 ਮਹਾਂਮਾਰੀ ਤੋਂ ਸਾਡੀ ਕਮਿਉਨਟੀ ਦੀ ਰਿਕਵਰੀ ਨੂੰ ਸੇਧ ਦੇਣ ਵਿਚ ਵੀ ਮਦਦ ਕਰੇਗੀ, ਇਸ ਚੀਜ਼ `ਤੇ ਧਿਆਨ ਕੇਂਦਰਿਤ ਕਰਦੀ ਹੋਈ ਕਿ ਸਾਡਾ ਸ਼ਹਿਰ ਕਿਵੇਂ ਵਧਦਾ ਹੈ

ਅਤੇ ਅਗਲੇ 30 ਸਾਲਾਂ ਵਿਚ ਅਸੀਂ ਇਸ ਵਿਚ ਇਨਵੈਸਟ ਕਿਵੇਂ ਕਰਨਾ ਹੈ, ਨੇੜ ਭਵਿੱਖ ਵਿਚ ਅਤੇ ਲੰਬੇ ਸਮੇਂ ਦੌਰਾਨ ਦੋਨਾਂ ਲਈ ਸੇਧ ਦੇਵੇਗੀ।
ਪਲੈਨ ਦਾ ਨਿਸ਼ਾਨਾ ਉਨ੍ਹਾਂ ਲੋਕਾਂ ਤੋਂ ਸਾਰੇ ਦ੍ਰਿਸ਼ਟੀਕੋਣ ਅਤੇ ਤਰਜੀਹਾਂ ਪ੍ਰਾਪਤ ਕਰਨਾ ਹੈ ਜਿਹੜੇ ਇੱਥੇ ਰਹਿੰਦੇ ਅਤੇ ਕੰਮ ਕਰਦੇ ਹਨ। ਅਸੀਂ ਇਹ ਮੰਨਦੇ ਹਾਂ ਕਿ ਲੋਕਾਂ, ਤਜਰਬਿਆਂ ਅਤੇ ਦ੍ਰਿਸ਼ਟੀਕੋਣਾਂ ਦੀ ਇਕ ਅਮੀਰ ਭਿੰਨਤਾ ਹੈ ਜਿਹੜੀ ਪਲੈਨ ਵਿਚ ਯੋਗਦਾਨ ਪਾ ਸਕਦੀ ਹੈ। ਇਸ ਪਲੈਨ ਦੀ ਕਾਮਯਾਬੀ ਹਰ ਇਕ ਦੀ ਰਾਇ ਅਤੇ ਵਿਚਾਰਾਂ `ਤੇ ਨਿਰਭਰ ਕਰਦੀ ਹੈ।

Vancouver Plan ਵਿਚ ਕਈ ਮੁੱਖ ਪੱਖ ਹੋਣਗੇ ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- **ਲੰਬੇ ਸਮੇਂ ਲਈ ਵਿਜ਼ਨ** - ਜਿਹੜਾ ਸ਼ਹਿਰ ਦੀ ਉਸ ਕਿਸਮ ਦੇ ਵੱਖ ਵੱਖ ਟੀਚੇ ਤੈਅ ਕਰੇਗਾ ਜਿਸ ਕਿਸਮ ਦਾ ਸ਼ਹਿਰ ਅਸੀਂ 2050 ਤੱਕ ਅਤੇ ਅਗਾਂਹ ਚਾਹੁੰਦੇ ਹਾਂ।
- **ਪਾਲਸੀ ਦਾ ਜੁਗਤੀ ਢਾਂਚਾ** - ਜਿਹੜਾ ਵਿਜ਼ਨ ਦੇ ਟੀਚਿਆਂ ਅਤੇ ਉਦੇਸ਼ਾਂ ਨਾਲ ਮਿਲਦਾ ਹੋਵੇਗਾ ਅਤੇ ਇਸ ਵਿਚ ਪਾਲਸੀਆਂ ਅਤੇ ਲੈਂਡ ਯੂਜ਼/ਸਥਾਨਕ ਪਲੈਨ ਦਾ ਜ਼ਿਆਦਾ ਵਿਸਥਾਰ ਵਾਲਾ ਸੈੱਟ ਸ਼ਾਮਲ ਹੋਵੇਗਾ ਜੋ ਇਹ ਦੱਸੇਗਾ ਕਿ ਅਸੀਂ ਉੱਥੇ ਕਿਵੇਂ ਪਹੁੰਚਾਂਗੇ। ਇਸ ਵਿਚ ਸਾਡੇ ਕਮਿਉਨਟੀ `ਤੇ ਕੇਂਦਰਿਤ ਥੋੜ੍ਹੇ ਸਮੇਂ ਦੇ ਕਈ ਰਿਕਵਰੀ ਐਕਸ਼ਨ ਵੀ ਸ਼ਾਮਲ ਹੋਣਗੇ।
- **ਅਮਲ ਕਰਨ ਦੀ ਜੁਗਤ** - ਇਹ ਇਸ ਚੀਜ਼ ਨੂੰ ਸੇਧ ਦੇਵੇਗੀ ਕਿ ਪਲੈਨ ਕਿਵੇਂ ਲਾਗੂ ਕੀਤੀ ਜਾਵੇਗੀ। ਪਲੈਨ ਦੇ ਉਦੇਸ਼ ਪੂਰੇ ਕਰਨ ਦੀ ਪੈੜ ਰੱਖਣ ਲਈ ਮੁੱਖ ਨਾਪ ਤੋਲ ਅਤੇ ਰਿਪੋਰਟ ਕਰਨ ਦਾ ਢਾਂਚਾ ਵਿਕਸਿਤ ਕੀਤਾ ਜਾਵੇਗਾ। ਇਹ ਭਵਿੱਖ ਦੀਆਂ ਸੇਵਾਵਾਂ ਨੂੰ ਸੇਧ ਵੀ ਦੇਵੇਗੀ ਜਿਵੇਂ ਕਿ ਉੱਚੇ ਪੱਧਰ ਦੀ ਫਿਜ਼ੀਕਲ ਪਲੈਨ ਜੋ ਕਿ ਆਮ ਤੌਰ `ਤੇ ਇਹ ਦੱਸਦੀ ਹੈ ਕਿ ਕਿੱਥੇ ਬਣਾਇਆ ਹੋਇਆ ਢਾਂਚਾ ਬਦਲੇਗਾ ਅਤੇ ਅਗੇਤੀ ਇਨਵੈਸਟਮੈਂਟ ਲਈ ਜੁਗਤ ਕੀ ਹੋਵੇਗੀ।

## Vancouver Plan ਦਾ ਹੋਰ ਉੱਦਮਾਂ ਨਾਲ ਕੀ ਸੰਬੰਧ ਹੈ?

### 1. ਡਿਵੈਲਪਮੈਂਟ ਵਿਚ ਪਾਲਸੀ ਦੇ ਹੋਰ ਉੱਦਮ

ਬਹੁਤ ਸਾਰੀਆਂ ਮੌਜੂਦਾ ਤਰਜੀਹਾਂ ਅਤੇ ਪਲੈਨਾਂ ਹਨ ਜਿਨ੍ਹਾਂ ਨੂੰ ਜਾਰੀ ਰੱਖਣਾ ਸ਼ਹਿਰ ਲਈ ਜ਼ਰੂਰੀ ਹੈ। **Vancouver Plan** ਪਾਲਸੀ ਦੀ ਪਲੈਨਿੰਗ ਲਈ ਮੇਨ ਪਲੇਟਫਾਰਮ ਹੈ ਅਤੇ ਇਹ ਹੋਰ ਕਈ ਪ੍ਰੋਗਰਾਮਾਂ ਨਾਲ ਤਾਲਮੇਲ ਕਰਕੇ ਵਿਕਸਿਤ ਕੀਤਾ ਜਾ ਰਿਹਾ ਹੈ, ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ Housing Vancouver, Broadway Plan, Jericho Lands Policy Statement, Employment Lands and Economy Review, ਅਤੇ Climate Emergency Response ਸ਼ਾਮਲ ਹਨ।

ਅਸੀਂ ਕੋਵਿਡ-19 ਲਈ ਫੌਰੀ ਲੋੜਾਂ ਪੂਰੀਆਂ ਕਰਨਾ ਅਤੇ ਕਮਿਉਨਟੀ ਦੇ ਰਿਕਵਰੀ ਦੇ ਯਤਨ ਵੀ ਜਾਰੀ ਰੱਖਾਂਗੇ, ਜੋ ਕਿ ਹੋਰ ਮਸਲਿਆਂ ਦੇ ਨਾਲ ਨਾਲ, ਰਿਹਾਇਸ਼ਾਂ ਅਤੇ ਲੋਕਲ ਇਕੌਨਮੀ/ਬਿਜ਼ਨਸ ਦੀਆਂ ਲੋੜਾਂ, ਨਸ਼ਿਆਂ ਦੇ ਸੰਕਟ ਅਤੇ ਵਾਤਾਵਰਣ ਦੀ ਐਮਰਜੰਸੀ ਦਾ ਵਧਣਾ ਹੈ। Vancouver Plan ਦਾ ਇਕ ਮੁੱਖ ਟੀਚਾ ਇਕ ਸਾਂਝਾ ਵਿਜ਼ਨ ਬਣਾਉਣਾ ਹੈ ਜਿਹੜਾ ਮੌਜੂਦ ਇਨ੍ਹਾਂ ਹੋਰ ਉੱਦਮਾਂ ਨਾਲ ਸਾਡੇ ਭਵਿੱਖ ਦੀਆਂ ਸੇਧਾਂ ਨੂੰ ਇਕੱਠੀਆਂ ਕਰਦਾ ਹੈ ਅਤੇ ਇਨ੍ਹਾਂ ਨੂੰ ਤਰਜੀਹ ਦਿੰਦਾ ਹੈ।

ਇਨ੍ਹਾਂ ਪਾਲਸੀਆਂ ਤੋਂ ਮਿਲਣ ਵਾਲੀ ਸਿੱਖਿਆ ਅਤੇ ਖੋਜ Vancouver Plan ਨੂੰ ਅਪਡੇਟ ਕਰੇਗੀ ਅਤੇ ਇਸ ਨੂੰ ਘੜੇਗੀ। ਸਟਾਫ ਰਲ ਕੇ ਕੰਮ ਕਰਨ ਲਈ ਵਚਨਬੱਧ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਲੋਕਾਂ ਦੀ ਸ਼ਮੂਲੀਅਤ ਦਾ ਤਾਲਮੇਲ ਹੋ ਰਿਹਾ ਹੈ ਅਤੇ ਹਿੱਸਾ ਲੈਣ ਵਾਲਿਆਂ ਦੇ ਸਮੇਂ ਅਤੇ ਯਤਨਾਂ ਨੂੰ ਵੱਧ ਤੋਂ ਵੱਧ ਕੀਤਾ ਜਾ ਰਿਹਾ ਹੈ।

## 2. ਮੌਜੂਦ ਕਮਿਊਨਟੀ ਅਤੇ ਏਰੀਆ ਪਲੈਨਾਂ

ਪਿਛਲੇ ਦਸ ਸਾਲਾਂ ਦੌਰਾਨ, ਸਿਟੀ ਨੇ ਕਈ ਏਰੀਆ ਅਤੇ ਕਮਿਊਨਟੀ ਪਲੈਨਾਂ ਮੁਕੰਮਲ ਕੀਤੀਆਂ ਹਨ। ਇਹ ਪਲੈਨਾਂ ਬਣਾਉਣ ਲਈ ਬਹੁਤ ਜ਼ਿਆਦਾ ਸ਼ਮੂਲੀਅਤ ਅਤੇ ਕਮਿਊਨਟੀ ਇਨਵੈਸਟਮੈਂਟ ਦੀ ਲੋੜ ਹੁੰਦੀ ਹੈ, ਅਤੇ ਪਲੈਨਾਂ ਨੇ ਇਸ ਚੀਜ਼ ਲਈ ਨਿਸ਼ਚਿਤਤਾ ਦੀ ਭਾਵਨਾ ਪੈਦਾ ਕੀਤੀ ਹੈ ਕਿ ਆਉਂਦੇ ਦਹਾਕਿਆਂ ਵਿਚ ਸਰਕਾਰੀ ਅਤੇ ਪ੍ਰਾਈਵੇਟ ਇਨਵੈਸਮੈਂਟ ਦੇ ਰੂਪ ਵਿਚ ਕੀ ਉਮੀਦ ਰੱਖਣੀ ਹੈ।

ਇਸ ਕਾਰਜ ਰਾਹੀਂ, ਨਵੀਂ Vancouver Plan ਦਾ ਬਣਨਾ ਉਨ੍ਹਾਂ ਨਵੀਂਆਂ ਤਰਜੀਹਾਂ ਦੀ ਪਛਾਣ ਕਰੇਗਾ ਜਿਨ੍ਹਾਂ ਦੀ ਸਾਨੂੰ ਮੌਜੂਦਾ ਪਾਲਸੀ ਨੂੰ ਅਪਡੇਟ ਕਰਨ ਲਈ ਲੋੜ ਪਵੇਗੀ। ਜਿਵੇਂ ਜਿਵੇਂ ਪਲੈਨ ਤਿਆਰ ਹੁੰਦੀ ਹੈ, ਪਾਲਸੀ ਵਿਚ ਤਜਵੀਜ਼ਸ਼ੁਦਾ ਤਬਦੀਲੀਆਂ ਕੌਂਸਲ ਅੱਗੇ ਲਿਆਂਦੀਆਂ ਜਾਣਗੀਆਂ। ਉਸ ਸਮੇਂ ਤੱਕ, ਸਾਡੇ ਵਿਕਸਿਤ ਹੋ ਰਹੇ ਸ਼ਹਿਰ ਨੂੰ ਸੇਧ ਦੇਣ ਵਾਲੀਆਂ ਮੌਜੂਦਾ ਪਾਲਸੀਆਂ ਲਾਗੂ ਰਹਿਣਗੀਆਂ।

## 3. ਇਲਾਕਾਈ ਪਲੈਨਿੰਗ ਦੇ ਉੱਦਮ

ਇਲਾਕਾਈ ਪਲੈਨਿੰਗ ਸ਼ਹਿਰ ਲਈ ਤੈਅ ਕੀਤੀਆਂ ਉਮੀਦਾਂ ਰਾਹੀਂ ਵੈਨਕੂਵਰ `ਤੇ ਸਿੱਧਾ ਅਸਰ ਪਾਵੇਗੀ, ਅਤੇ ਇਲਾਕੇ ਵਿਚਲੀਆਂ ਹੋਰ ਸਥਾਨਕ ਸਰਕਾਰਾਂ ਲਈ ਤੈਅ ਕੀਤੀਆਂ ਉਮੀਦਾਂ ਰਾਹੀਂ ਅਸਿੱਧਾ ਅਸਰ ਪਾਵੇਗੀ। ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ ਉੱਦਮ ਲੀਡਰਸ਼ਿਪ ਦਾ ਰੋਲ ਨਿਭਾਉਣ ਦਾ ਅਤੇ ਇਲਾਕਾਈ ਤਸਵੀਰ ਨੂੰ ਘੜਨ ਅਤੇ ਹੁੰਗਾਰਾ ਭਰਨ ਵਿਚ ਮਦਦ ਕਰਨ ਦਾ ਇਕ ਵੱਡਾ ਮੌਕਾ ਹੈ। ਕੁਝ ਮੁੱਖ ਇਲਾਕਾਈ ਕੰਮਾਂ ਵਿਚ, ਜਿਹੜੇ ਸ਼ੁਰੂ ਹੋ ਗਏ ਹਨ ਅਤੇ ਜਿਨ੍ਹਾਂ ਨੂੰ ਘੜਨ ਅਤੇ ਇਕਸੁਰ ਕਰਨ ਵਿਚ ਪਲੈਨ ਮਦਦ ਕਰੇਗੀ ਇਹ ਸ਼ਾਮਲ ਹਨ:

- ਮੈਟਰੋ ਵੈਨਕੂਵਰ ਦਾ **Regional Growth Strategy ਨੂੰ ਅਪਡੇਟ ਕਰਨ ਦਾ** ਇਰਾਦਾ ਹੈ ਜਿਹੜੀ ਸ਼ਹਿਰੀ ਵਿਕਾਸ, ਇਕੌਨਮੀ, ਵਾਤਾਵਰਣ ਅਤੇ ਜਲਵਾਯੂ ਵਿਚ ਤਬਦੀਲੀ, ਰਿਹਾਇਸ਼ਾਂ ਅਤੇ ਕਮਿਊਨਟੀ ਸੇਵਾਵਾਂ, ਅਤੇ ਸਮੁੱਚੀ ਲੈਂਡ ਯੂਜ਼ (ਜ਼ਮੀਨ ਦੀ ਵਰਤੋਂ) ਅਤੇ ਟ੍ਰਾਂਸਪੋਰਟੇਸ਼ਨ ਦੁਆਲੇ ਇਲਾਕਾਈ ਟੀਚਿਆਂ ਨੂੰ ਵਧਾਉਂਦੀ ਹੈ।
- ਜਲਵਾਯੂ ਵਿਚ ਤਬਦੀਲੀ ਦੇ ਇਲਾਕਾਈ ਹੁੰਗਾਰੇ ਵਜੋਂ ਮੈਟਰੋ ਵੈਨਕੂਵਰ **Climate 2050** ਵੀ ਤਿਆਰ ਕਰ ਰਿਹਾ ਹੈ।
- ਟ੍ਰਾਂਜ਼ਲਿੰਕ **Transport 2050** ਤਿਆਰ ਕਰ ਰਹੀ ਹੈ ਜੋ ਕਿ ਅਗਲੇ 30 ਸਾਲਾਂ ਲਈ ਮੈਟਰੋ ਵੈਨਕੂਵਰ ਲਈ ਵਿਜ਼ਨ, ਟੀਚੇ, ਜੁਗਤਾਂ, ਅਤੇ ਟ੍ਰਾਂਸਪੋਰਟੇਸ਼ਨ ਦੇ ਮੁੱਖ ਉੱਦਮ ਤੈਅ ਕਰੇਗੀ।

## ਸ਼ਮੂਲੀਅਤ ਦਾ ਕਾਰਜ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ?

ਸਾਡਾ ਇਰਾਦਾ ਇਹ ਪੱਕਾ ਕਰਨਾ ਹੈ ਕਿ ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ ਕਾਰਜ ਰਾਹੀਂ ਅਸੀਂ ਜਿਹੜੇ ਵਿਚਾਰ ਸੁਣੀਏ ਉਹ ਸਾਡੀ ਆਬਾਦੀ ਦੀ ਭਿੰਨਤਾ ਅਤੇ ਬਹੁਲਤਾ ਦੀ ਨੁਮਾਇੰਦਗੀ ਕਰਨ। ਇਸ ਭਿੰਨਤਾ ਤੋਂ ਬਿਨਾਂ, ਅਸੀਂ ਇਹ ਪੱਕਾ ਨਹੀਂ ਕਰ ਸਕਦੇ ਕਿ ਭਵਿੱਖ ਲਈ ਪਲੈਨ ਉਨ੍ਹਾਂ ਸਾਰੇ ਲੋਕਾਂ ਦੇ ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਦੀ ਨੁਮਾਇੰਦਗੀ ਕਰਦੀ ਹੈ ਜਿਹੜੇ ਵੈਨਕੂਵਰ ਵਿਚ ਰਹਿੰਦੇ, ਕੰਮ ਕਰਦੇ ਅਤੇ ਖੇਡਦੇ ਹਨ।

## ਇਹ ਪੱਕਾ ਕਰਨਾ ਕਿ ਹਰ ਇਕ ਹਿੱਸਾ ਲੈ ਸਕਦਾ ਹੈ

ਇਸ ਪਲੈਨ ਵਿਚ ਵੱਡੀ ਸ਼ਮੂਲੀਅਤ ਕਰਵਾਉਣ ਲਈ ਅਸੀਂ ਮੌਜੂਦਾ ਸੰਬੰਧਾਂ, ਨੈੱਟਵਰਕਾਂ, ਈਮੇਲ ਲਿਸਟਾਂ, ਅਤੇ ਸਾਂਝੀਦਾਰੀਆਂ ਰਾਹੀਂ ਪਹੁੰਚ ਕਰਾਂਗੇ – ਨਿੱਜੀ ਵਿਅਕਤੀਆਂ ਤੋਂ ਲੈ ਕੇ ਆਂਢ-ਗੁਆਂਢਾਂ, ਕਾਰੋਬਾਰਾਂ, ਹਿੱਤ ਰੱਖਣ ਵਾਲੀਆਂ ਧਿਰਾਂ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲਿਆਂ ਅਤੇ ਏਜੰਸੀਆਂ ਤੱਕ। ਅਸੀਂ ਖਾਸ ਤੌਰ `ਤੇ ਉਨ੍ਹਾਂ

ਸੰਸਥਾਵਾਂ ਅਤੇ ਸਲਾਹਕਾਰੀ ਕਮੇਟੀਆਂ ਨਾਲ ਰਲ ਕੇ ਕੰਮ ਕਰਾਂਗੇ ਜਿਹੜੀਆਂ ਘੱਟ ਨੁਮਾਇੰਦਗੀ ਵਾਲੀਆਂ ਕਮਿਊਨਟੀਆਂ ਦੀ ਮਦਦ ਅਤੇ ਨੁਮਾਇੰਦਗੀ ਕਰਦੀਆਂ ਹਨ।

ਅਸੀਂ ਇਹ ਕੁਝ ਚੀਜ਼ਾਂ ਕਰ ਰਹੇ ਹਾਂ:

1. **ਵਸੀਲੇ** – ਢਾਂਚਾਗਤ ਰੁਕਾਵਟਾਂ, ਜਿਵੇਂ ਕਿ ਬੋਲੀ, ਸਭਿਆਚਾਰ ਦੀਆਂ, ਜਾਂ ਆਰਥਿਕ ਰੁਕਾਵਟਾਂ ਦਾ ਹੱਲ ਕਰਨ ਲਈ ਕਮਿਊਨਟੀ ਗਰਾਂਟਾਂ ਅਤੇ ਹੋਰ ਵਿੱਤੀ ਮਦਦਾਂ ਉਪਲਬਧ ਕਰਵਾਈਆਂ ਜਾਣਗੀਆਂ ਤਾਂ ਜੋ ਇਹ ਪੱਕਾ ਹੋਵੇ ਕਿ ਗਰੁੱਪ ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ ਦੇ ਕਾਰਜ ਵਿਚ ਅਰਥਪੂਰਨ ਹਿੱਸਾ ਲੈ ਸਕਣ।

2. **ਬੋਲੀਆਂ** – ਪਹਿਲਾ Vancouver Plan ਸਰਵੇ ਪੰਜ ਬੋਲੀਆਂ ਵਿਚ ਉਪਲਬਧ ਕਰਵਾਇਆ ਗਿਆ ਸੀ: ਅੰਗਰੇਜ਼ੀ, ਟ੍ਰਾਡੀਸ਼ਨਲ ਚਾਇਨੀਜ਼, ਸਿੰਪਲੀਫਾਇਡ ਚਾਇਨੀਜ਼, ਪੰਜਾਬੀ ਅਤੇ ਟੈਗਾਲਗ। ਸਰਵੇ ਦੇ ਮਿਲੇ ਜਵਾਬਾਂ ਦੇ ਹੁੰਗਾਰੇ ਵਜੋਂ ਅਸੀਂ ਇਹ ਪੱਕਾ ਕਰਨ ਲਈ ਕੰਮ ਕਰ ਰਹੇ ਹਾਂ ਕਿ ਭਵਿੱਖ ਦੀ ਸਾਮੱਗਰੀ ਤਿਆਰ ਕਰਨ ਲਈ ਬੋਲੀ ਦੇ ਅਨੁਵਾਦ ਦੀਆਂ ਢੁਕਵੀਂਆਂ ਸੇਵਾਵਾਂ ਤਿਆਰ ਹੋਣ।

3. **ਜਵਾਨਾਂ ਦੀ ਆਵਾਜ਼** – ਜਵਾਨਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਲਈ ਵਾਧੂ ਉਪਰਾਲੇ ਕੀਤੇ ਜਾਣਗੇ; ਬੱਚਿਆਂ ਅਤੇ ਜਵਾਨਾਂ ਨੂੰ ਸਮਰੱਥਾ ਦੇਣ ਲਈ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਸਹੀ ਤਰੀਕੇ ਨਾਲ ਪੇਸ਼ ਕਰਨ ਦੇ ਯੋਗ ਬਣਾਉਣ ਲਈ ਸਰਗਰਮੀਆਂ ਅਤੇ ਸਾਧਨ ਤਿਆਰ ਕੀਤੇ ਜਾਣਗੇ।

4. **ਕਾਰੋਬਾਰ** – ਮੌਜੂਦ ਨੈੱਟਵਰਕਾਂ ਅਤੇ Employment Lands and Economy Review ਦੇ ਹੋ ਰਹੇ ਕੰਮ ਰਾਹੀਂ ਅਸੀਂ ਕਾਰੋਬਾਰਾਂ ਤੱਕ ਪਹੁੰਚ ਕਰ ਰਹੇ ਹਾਂ।

5. **ਆਂਢ-ਗੁਆਂਢ** – ਅਸੀਂ ਆਂਢ-ਗੁਆਂਢ ਦੇ ਵਸਨੀਕਾਂ ਤੱਕ ਪਹੁੰਚ ਕਰ ਰਹੇ ਹਾਂ ਅਤੇ ਅਜਿਹਾ ਸ਼ਮੂਲੀਅਤ ਦੇ ਪਹਿਲੇ ਕਾਰਜਾਂ ਰਾਹੀਂ ਸ਼ਹਿਰ ਵਲੋਂ ਤਿਆਰ ਕੀਤੀਆਂ ਗਈਆਂ ਈਮੇਲ ਲਿਸਟਾਂ, ਰੈਜ਼ੀਡੈਂਸ਼ਲ ਐਸੋਸੀਏਸ਼ਨਾਂ ਲਈ ਪਬਲਿਕ ਦੇ ਸੰਪਰਕਾਂ, ਬਿਜ਼ਨਸ ਇਮਪਰੂਵਮੈਂਟ ਐਸੋਸੀਏਸ਼ਨਾਂ, ਅਤੇ ਕਮਿਊਨਟੀ ਸੈਂਟਰਾਂ ਅਤੇ ਲਾਇਬਰੇਰੀਆਂ ਰਾਹੀਂ ਕੀਤਾ ਜਾ ਰਿਹਾ ਹੈ।

6. **ਕਮਿਊਨਟੀ ਹਲਕੇ** – ਅਸੀਂ ਹਿੱਤ ਰੱਖਣ ਵਾਲੀਆਂ ਵੱਖ ਵੱਖ ਧਿਰਾਂ ਅਤੇ ਦਿਲਚਸਪੀ ਰੱਖਦੀਆਂ ਸੰਸਥਾਵਾਂ ਨੂੰ ਵੀ ਮਿਲ ਰਹੇ ਹਾਂ ਤਾਂ ਜੋ ਇਸ ਕਾਰਜ ਵਿਚ ਉਨ੍ਹਾਂ ਦੇ ਅਗੇਤੇ ਵਿਚਾਰ ਲਏ ਜਾ ਸਕਣ ਅਤੇ ਉਨ੍ਹਾਂ ਨਾਲ ਸੰਬੰਧ ਬਣਾਏ ਜਾ ਸਕਣ। ਹਿੱਤਾਂ ਦੀ ਵੱਡੀ ਭਿੰਨਤਾ ਨੂੰ ਮੰਨਦੇ ਹੋਏ, ਇਨ੍ਹਾਂ ਹਲਕਿਆਂ ਵਿਚ ਸਰਕਾਰ ਦੇ ਹੋਰ ਪੱਧਰ, ਲੋਕਲ ਸੇਵਾਵਾਂ ਦੇਣ ਵਾਲੇ, ਬਿਨਾਂ ਮੁਨਾਫੇ ਤੋਂ ਕੰਮ ਕਰਦੀਆਂ ਏਜੰਸੀਆਂ, ਵਿਦਿਅਕ ਸੰਸਥਾਵਾਂ, ਆਂਢ-ਗੁਆਂਢ `ਤੇ ਆਧਾਰਿਤ ਗਰੁੱਪ, ਦਿਲਚਸਪੀ ਰੱਖਣ ਵਾਲੇ ਗਰੁੱਪ, ਐਕੁਟੀ ਲੱਭ ਰਹੇ ਗਰੁੱਪ ਅਤੇ ਨੁਮਾਇੰਦਗੀ ਕਰਨ ਵਾਲੀਆਂ ਏਜੰਸੀਆਂ ਆਦਿ ਸ਼ਾਮਲ ਕੀਤੇ ਗਏ ਹਨ।

## Musqueam, Squamish, ਅਤੇ Tsleil-Waututh ਨੇਸ਼ਨਜ਼ ਅਤੇ ਸ਼ਹਿਰੀ ਆਦਿਵਾਸੀ ਕਮਿਊਨਟੀਆਂ ਨਾਲ ਕੰਮ ਕਰਨਾ

ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ ਲਈ ਸ਼ਹਿਰ Musqueam, Squamish ਅਤੇ Tsleil-Waututh ਨੇਸ਼ਨਜ਼ ਨਾਲ ਕੰਮਕਾਰੀ ਸੰਬੰਧ ਸਥਾਪਤ ਕਰਨ ਲਈ ਸਰਗਰਮੀ ਨਾਲ ਗੱਲਬਾਤ ਵਧਾ ਰਿਹਾ ਹੈ। ਇਨ੍ਹਾਂ ਭਾਈਵਾਲੀਆਂ ਰਾਹੀਂ, ਲੋਕਲ ਮੇਜ਼ਬਾਨ ਨੇਸ਼ਨਜ਼ ਅਤੇ ਉਨ੍ਹਾਂ ਦੀਆਂ ਕਮਿਊਨਟੀਆਂ ਦੀਆਂ ਆਵਾਜ਼ਾਂ ਨਾ ਸਿਰਫ ਨਿਕਲਣ ਵਾਲੇ ਸਿੱਟਿਆਂ ਨੂੰ ਪ੍ਰਭਾਵਿਤ ਕਰਨਗੀਆਂ ਸਗੋਂ ਪਲੈਨਿੰਗ ਦੇ ਕਾਰਜ ਨੂੰ ਘੜਨ ਵਿਚ ਮਦਦ ਵੀ ਕਰਨਗੀਆਂ।

ਇਹ ਪੱਕਾ ਕਰਨ ਲਈ ਕਿ ਸ਼ਹਿਰ ਦੀਆਂ ਸ਼ਹਿਰੀ ਆਦਿਵਾਸੀ ਕਮਿਉਨਟੀਆਂ ਅਤੇ ਉਨ੍ਹਾਂ ਨੂੰ ਸਰਵਿਸ ਪ੍ਰਦਾਨ ਕਰਨ ਵਾਲਿਆਂ ਦੀ ਆਵਾਜ਼ ਦਾ ਅਕਸ ਇਸ ਕੰਮ ਵਿਚ ਦਿਸੇ, ਸ਼ਹਿਰ Metro Vancouver Aboriginal Executive Council (MVAEC) ਨਾਲ ਟੀਮ ਬਣਾ ਰਿਹਾ ਹੈ, ਅਤੇ ਇਸ ਕੰਮ ਬਾਰੇ ਨੇਮ ਨਾਲ ਤਾਜ਼ਾ ਜਾਣਕਾਰੀ ਸ਼ਹਿਰੀ ਆਦਿਵਾਸੀ ਲੋਕਾਂ ਦੀ ਸਲਾਹਕਾਰੀ ਕਮੇਟੀ ਨੂੰ ਦੇਵੇਗਾ।

## ਪਾਰਦਰਸ਼ਤਾ ਨੂੰ ਯਕੀਨੀ ਬਣਾਉਣਾ

ਔਨਲਾਈਨ ਅਤੇ ਲਿਖਤੀ ਸਾਮੱਗਰੀ ਇਸ ਕਾਰਜ ਦੇ ਵੱਖ ਵੱਖ ਪੜਾਵਾਂ ਬਾਰੇ ਦੱਸੇਗੀ ਅਤੇ ਇਸ ਕਾਰਜ ਵਿਚ ਹਿੱਸਾ ਲੈਣ ਦੇ ਤਰੀਕਿਆਂ ਬਾਰੇ ਸਲਾਹ ਦੇਵੇਗੀ। ਵੈੱਬਸਾਈਟ ਲੋਕਾਂ ਦੇ ਮਿਲੇ ਵਿਚਾਰਾਂ ਨੂੰ ਸਾਂਝਾ ਕਰੇਗਾ, ਅਤੇ ਇਹ ਫੜੇਗਾ ਕਿ ਅਸੀਂ ਮੁੱਦਿਆਂ ਅਤੇ ਰਿਪੋਰਟਾਂ ਵਿਚ ਕੀ ਸੁਣਿਆ ਹੈ। ਅਸੀਂ ਜੋ ਸੁਣਾਂਗੇ ਉਸ ਦੀ ਰੈਗੂਲਰ ਰਿਪੋਰਟਾਂ ਕੌਂਸਲ ਨੂੰ ਦੇਵਾਂਗੇ ਅਤੇ ਅਗਲੇ ਕਦਮਾਂ ਦੀ ਮਨਜ਼ੂਰੀ ਲਵਾਂਗੇ। ਜਾਣੂ ਰਹਿਣ ਲਈ ਕਿਰਪਾ ਕਰਕੇ ਸਾਡੇ ਨਿਊਜ਼ਲੈਟਰ ਲਈ ਸਾਈਨ ਅੱਪ ਕਰੋ।

## ਮੈਂ ਹਿੱਸਾ ਕਿਵੇਂ ਲੈ ਸਕਦਾ/ਸਕਦੀ ਹਾਂ?

ਵੈਨਕੂਵਰ ਲਈ ਰਲ ਕੇ ਵਿਉਂਤ ਬਣਾਉਣਾ ਕਾਰਜ ਕੋਵਿਡ-19 ਦੇ ਹੁੰਗਾਰੇ ਵਜੋਂ ਅਤੇ ਸ਼ਮੂਲੀਅਤ ਦੇ ਤਰਜੀਹੀ ਤਰੀਕਿਆਂ ਅਤੇ ਸਾਮ੍ਹਣੇ ਆ ਰਹੀਆਂ ਤਰਜੀਹਾਂ ਦੇ ਸੰਬੰਧ ਵਿਚ ਲੋਕਾਂ ਦੀ ਰਾਇ ਦੇ ਆਧਾਰ 'ਤੇ ਵਿਕਸਿਤ ਹੋਣਾ ਜਾਰੀ ਰਹੇਗਾ। ਇਸ ਵੇਲੇ, ਸਾਡੀ ਬਹੁਤੀ ਸ਼ਮੂਲੀਅਤ ਔਨਲਾਈਨ ਹੋਵੇਗੀ।

ਅਸੀਂ ਲੋਕਾਂ ਨੂੰ ਕਹਿ ਰਹੇ ਹਾਂ ਕਿ ਉਹ ਸਾਡੇ ਨਿਊਜ਼ਲੈਟਰ ਲਈ ਸਾਈਨ ਅੱਪ ਕਰਨ ਲਈ vancouverplan.ca (https://vancouverplan.ca/) 'ਤੇ ਜਾਣ ਤਾਂ ਜੋ ਉਹ ਸ਼ਮੂਲੀਅਤ ਦੇ ਨਵੇਂ ਮੌਕਿਆਂ ਅਤੇ ਪਲੈਨ ਦੀ ਤਰੱਕੀ ਬਾਰੇ ਤਾਜ਼ਾ ਜਾਣਕਾਰੀ ਲੈਂਦੇ ਰਹਿ ਸਕਣ।

## ਆਉਂਦੇ ਮਹੀਨਿਆਂ ਵਿਚ ਕੀ ਉਮੀਦ ਰੱਖਣੀ ਹੈ?

ਅਗਾਂਹ ਵਧਦੇ ਹੋਏ, ਸ਼ਮੂਲੀਅਤ ਦਾ ਕਾਰਜ ਮੁੱਖ ਤੌਰ 'ਤੇ ਡਿਜੀਟਲ ਸਾਧਨਾਂ ਰਾਹੀਂ ਕੀਤਾ ਜਾਵੇਗਾ, ਜਿਵੇਂ ਕਿ ਇਹ ਵੈੱਬਸਾਈਟ, ਅਤੇ ਇਸ ਦੇ ਨਾਲ ਨਾਲ ਡਾਕ ਰਾਹੀਂ (ਲਿਖਤੀ ਰੂਪ ਵਿਚ) ਕੀਤਾ ਜਾਵੇਗਾ ਅਤੇ ਲੋਕਾਂ ਤੱਕ ਪਹੁੰਚ ਕਰਨ ਲਈ ਅਸੀਂ ਮੀਡੀਏ ਅਤੇ ਰੇਡਿਓ ਦੇ ਮੌਕਿਆਂ ਦਾ ਪਤਾ ਲਾਵਾਂਗੇ। ਕੁਝ ਛੋਟੀਆਂ ਨਿੱਜੀ ਮੀਟਿੰਗਾਂ 2020 ਵਿਚ ਮਗਰੋਂ ਲਈ ਵਿਚਾਰੀਆਂ ਜਾ ਰਹੀਆਂ ਹਨ, ਜੋ ਕਿ ਬੀ ਸੀ ਦੇ ਸੂਬਾਈ ਹੈਲਥ ਅਫਸਰ ਦੀਆਂ ਹਿਦਾਇਤਾਂ 'ਤੇ ਨਿਰਭਰ ਕਰਦਾ ਹੈ।

ਇਸ ਸਮੇਂ ਵਿਚ, ਤੁਸੀਂ ਕੋਵਿਡ ਤੋਂ ਪਹਿਲਾਂ ਦੇ 'ਸੁਣੋ ਅਤੇ ਸਿੱਖੋ' ਪੜਾ ਤੋਂ ਸ਼ਮੂਲੀਅਤ ਦੇ ਮੁਢਲੇ ਨਤੀਜੇ ਦੇਖ ਸਕਦੇ ਹੋ। ਨਤੀਜਿਆਂ ਦਾ ਉੱਚ-ਪੱਧਰ ਦਾ ਸੰਖੇਪ ਅਤੇ ਕੌਂਸਲ ਅੱਗੇ ਸਾਡੇ ਵਲੋਂ ਇਨ੍ਹਾਂ ਦੀ ਪੇਸ਼ਕਾਰੀ ਹੋਮਪੇਜ ਦੇ "ਡਾਕੂਮੈਂਟਸ" ਭਾਗ ਥੱਲੇ ਦੇਖੀ ਜਾ ਸਕਦੀ ਹੈ। vancouverplan.ca (https://vancouverplan.ca/) 'ਤੇ ਸਾਈਨ-ਅੱਪ ਕਰੋ ਅਤੇ ਸਾਡੇ ਨਿਊਜ਼ਲੈਟਰ ਨਾਲ ਤਾਜ਼ਾ ਜਾਣਕਾਰੀ ਲੈਂਦੇ ਰਹੋ।